بسم اللہ الرحمٰن الرحیم     نحمدہٗ ونصلی علیٰ رسولہ الکریم     وعلیٰ عبدہ المسیح الموعود

# ਖ਼ੁਲਾਸਾ ਖ਼ੁਤਬਾ ਜੁਮੱਆ 12.09.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਅੱਲ੍ਹਾ ਤਆਲਾ ਦੀ ਸਹਾਇਤਾ ਅਤੇ ਰਹਿਨੁਮਾਈ ਦੀਆਂ ਈਮਾਨ ਵਰਧਕ ਘਟਨਾਵਾਂ

ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 12.09.2014 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿਤੱਾ ।

ਤਸ਼ਹੁੱਦ, ਤਊਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :-

ਬੀਤੇ ਦਿਨੀ ਅਮਰੀਕਾ ਤੋਂ ਮੈਂਨੂੰ ਇਕ ਪੱਤਰ ਆਇਆ ਕਿ ਜਲਸੇ ਵਿੱਚ ਆਪ ਆਪਣੇ ਭਾਸ਼ਣ ਵਿੱਚ ਗੱਲਾਂ ਦੱਸ ਰਹੇ ਸਨ ਕਿ ਕਿਵੇਂ ਲੋਕ ਅਹਦੀਅਤ ਵਿੱਚ ਸ਼ਾਮਲ ਹੋ ਰਹੇ ਹਨ । ਕਿਵੇਂ ਪ੍ਰਚਾਰ ਰਾਹੀਂ ਵੀ ਅਤੇ ਰੱਬ ਵੱਲੋਂ ਸਿੱਧੇ ਰੂਪ ਵਿੱਚ ਮਾਰਗ ਦਰਸ਼ਨਾਂ ਰਾਹੀਂ ਵੀ । ਇਸ ਰਾਹੀਂ ਵੀ ਅਹਮਦੀਅਤ ਵੱਲ ਧਿਆਨ ਵੱਧ ਰਿਹਾ ਹੈ, ਲੋਕ ਆਸਥਾ (ਈਮਾਨ) ਵਿੱਚ ਪੱਕੇ ਹੋ ਰਹੇ ਹਨ ਅਤੇ ਅਹਮਦੀਅਤ ਦੀ ਸਚੱਾਈ ਵੀ ਉਹਨਾਂ ਦੇ ਦਿਲਾਂ ਵਿੱਚ ਡੂੰਘੀ ਹੁੰਦੀ ਜਾ ਰਹੀ ਹੈ । ਇਹ ਸਭ ਕੁਝ ਸੁਣ ਕੇ ਉਹ ਕਹਿੰਦੇ ਹਨ ਕਿ ਮੇਰੇ ਦਿਲ ਵਿੱਚ ਵੀ ਇਛੱਾ ਪੈਦਾ ਹੋਈ ਕਿ ਕਾਸ਼ ਕੇਰੇ ਰਾਹੀਂ ਵੀ ਦੁਨੀਆ ਦੇ ਇਸ ਭਾਗ ਵਿੱਚੋਂ ਕੋਈ ਅਹਮਦੀਅਤ ਵਿੱਚ ਦਾਖ਼ਲ ਹੋਵੇ ਅਤੇ ਮੈਂ ਵੀ ਇਸ ਪ੍ਰਕਾਰ ਨਿਸ਼ਾਨ (ਚਮਤਕਾਰ) ਦੇਖਾਂ । ਕਹਿੰਦੇ ਹਨ ਕਿ ਕੁਝ ਸਮੇਂ ਮਗਰੋਂ ਮੇਰੇ ਫ਼ੋਨ ਦੀ ਘੰਟੀ ਵੱਜੀ । ਫ਼ੋਨ ਚੁਕੱਣ'ਤੇ ਦੂਜੇ ਪਾਸਿਓਂ ਇਕ ਇਸਤਰੀ ਬੋਲੀ ਕਿ ਮੈਂ ਕਿਤੋਂ ਸਗੋਂ ਵੈਬਸਾਈਟ ਵਿੱਚ ਤੁਹਾਡਾ ਨੰਬਰ ਦੇਖਿਆ ਸੀ, ਇਸ ਲਈ ਫ਼ੋਨ ਕਰ ਰਹੀ ਹਾਂ । ਮੈਂਨੂੰ ਇਸਲਾਮ ਵਿੱਚ ਦਿਲਚਸਪੀ ਹੈ ਅਤੇ ਮੈਂ ਆਪ ਨੂੰ ਮਿਲਣਾ ਚਾਹੁੰਦੀ ਹਾਂ । ਉਹਨਾਂ ਨੇ ਕਿਹਾ, ਹਾਂ, ਠੀਕ ਹੈ, ਆ ਜਾਣ । ਖ਼ੈਰ ਲੰਮੀ ਯਾਤਰਾ ਕਰਕੇ ਉਹ ਉਹਨਾਂ ਕੋਲ ਪਹੁੰਚੀ । ਆਪਣੇ ਹਾਲਾਤ ਦੱਸੇ ਕਿ ਕਿਵੇਂ ਇਸਲਾਮ ਵਿੱਚ ਦਿਲਜਸਪੀ ਪੈਦਾ ਹੋਈ । ਫ਼ਿਰ ਇੰਟਰਨੈਟ ਰਾਹੀਂ ਵਧੇਰੀ ਜਾਨਕਾਰੀ ਪ੍ਰਾਪਤ ਕੀਤੀ ਜਿਸ ਦੇ ਚਲਦਿਆਂ ਉਹਨਾਂ ਦੇ ਪਤੀ ਅਤੇ ਸਹੁਰੇ ਘਰ ਵਿੱਚ ਜੋ ਕਿ ਕਟੱੜ ਈਸਾਈ ਹਨ ਮੁਖ਼ਾਲਫ਼ ਹੋ ਗਏ । ਉਹਨਾਂ ਦੀ ਨਰਾਜ਼ਗੀ ਮੁੱਲ ਲਈ, ਇਸੇ ਸਬਬ ਪਤੀ ਤੋਂ ਵੱਖਰਿਆਂ ਹੋਣਾ ਪਿਆ । ਅਦਾਲਤ ਦੇ ਫ਼ੈਸਲੇ ਅਨੁਸਾਰ ਦੋ ਬੱਚੇ ਹਨ ਉਹ ਵੀ ਪਤੀ ਨੂੰ ਸੌਂਪਣੇ ਪਏ । ਬਹਿਰਹਾਲ ਉਹਨਾਂ ਨੇ ਸਚੱਾਈ ਦੀ ਭਾਲ ਨੂੰ ਪਹਿਲ ਦਿੱਤੀ ਅਤੇ ਇਹ ਸਭ ਕੁਝ ਛੱਡ ਦਿੱਤਾ । ਕਹਿੰਦੀ ਹਨ ਕਿ ਜਮਾਤ ਅਹਮਦੀਆ ਦੀ ਸਾਈਟ ਉਪੱਰ ਜਾਕੇ ਮੈਂ ਡੂੰਘਾ ਅਧਿਐਨ ਕੀਤਾ ਅਤੇ ਐਮ.ਟੀ.ਏ. ਵੀ ਨਿਰੰਤਰ ਦੇਖਦੀ ਹਾਂ ਅਤੇ ਇਹ ਵੀ ਦੱਸਿਆ ਕਿ ਦੂਜੇ ਮੁਸਲਮਾਨ ਫ਼ਿਰਕਿਆਂ ਦੀ ਜਾਨਕਾਰੀ ਲਈ ਪਰ ਮੇਰੇ ਮਨ ਦੀ ਕਿਤੇ ਤਸੱਲੀ ਨਹੀਂ ਹੋਈ । ਹਰ ਵਾਰ ਜੱਦ ਮੈਂ ਧਿਆਨ ਕਰਦੀ ਤਾਂ ਜਮਾਤ ਦਾ ਲਿਟ੍ਰੇਚਰ ਪੜ੍ਹਨ ਵੱਲ ਮੇਰਾ ਧਿਆਨ ਰਹਿੰਦਾ ਸੀ । ਸਾਡੇ ਉਹਨਾਂ ਅਹਮਦੀ ਨੇ ਦੱਸਿਆ ਕਿ ਬੀਤੇ ਦਿਨੀ ਸਾਡਾ ਜਲਸਾ ਵੀ ਐਮ.ਟੀ.ਏ ਉਪੱਰ ਪ੍ਰਸਾਰਤ ਸੀ । ਉਹਨਾਂ ਨੇ ਦੱਸਿਆ ਕਿ ਹਾਂ, ਉਹ ਜਲਸਾ ਵੀ ਮੈਂ ਸੁਣਿਆ ਅਤੇ ਹੁਣ ਮੈਂ ਹਕੀਕੀ ਇਸਲਾਮ ਵਿੱਚ ਸ਼ਾਮਲ ਹੋਣਾ ਚਾਹੁੰਦੀ ਹਾਂ । ਇਹ ਲਿਖਦੇ ਹਨ ਕਿ ਮੇਰੀ ਪੁਤੱਰੀ ਜੋ ਇਸ ਸਮੇਂ ਉਸ ਨਾਲ ਗੱਲਾ ਕਰ ਰਹੀ ਸੀ ਓਥੇ ਸੀ । ਯੂਨੀਵਰਸਟੀ ਵਿੱਚ ਪੜ੍ਹਦੀ ਹੈ ਉਹ ਕਹਿਣ ਲੱਗੀ ਜੱਦ ਜਲਸੇ'ਤੇ ਨਵੇਂ ਆਉਣ ਵਾਲੇ ਅਹਮਦੀਅਤ ਵਿੱਚ ਨਵੇਂ ਸ਼ਾਮਲ ਹੋਣ ਵਾਲਿਆਂ ਦੇ ਵਿਚਾਰ ਦੱਸੇ ਜਾ ਰਹੇ ਸਨ ਕਿ ਕਿਵੇਂ ਉਹਨਾਂ ਨੂੰ ਅਹਮਦੀਅਤ ਦੀ ਸਚੱਾਈ ਉਪੱਰ ਵਿਸ਼ਵਾਸ ਹੋਇਆ ਅਤੇ ਅਲੱਾਹ ਤਆਲਾ ਵੱਲੋਂ ਮਾਰਗ ਦਰਸ਼ਨ ਹੋਇਆ । ਲੜਕੀ ਕਹਿੰਦੀ ਕਿ ਮੈਂ ਸਮਝਦੀ ਸੀ

ਕਿ ਉਹਨਾਂ ਵਿੱਚ ਵਿੱਚ ਕੁਝ ਕਿੱਸੇ ਹਨ, ਕੁਝ ਅਤਿਕਥਨੀ ਹੈ ਪਰ ਇਸ ਇਸਤਰੀ ਦੀਆਂ ਗੱਲਾਂ ਸੁਣ ਕੇ ਮੇਰਾ ਈਮਾਨ ਵੀ ਤਾਜ਼ਾ ਹੋਇਆ ਹੈ ਕਿ ਇਹ ਅਤਿਕਥਨੀ ਨਹੀਂ ਸਗੋਂ ਰੱਬ ਦੁਨੀਆ ਦੇ ਦਿਲਾਂ ਨੂੰ ਫ਼ੇਰ ਰਿਹਾ ਹੈ । ਕਿਵੇਂ ਅਲੱਾਹ ਤਆਲਾ ਰਹਿਨੁਮਾਈ ਕਰਦਾ ਹੈ ?

ਅਨੇਕਾਂ ਹੀ ਗੱਲਾਂ ਵਿੱਚੋਂ ਕੁਝ ਗੱਲਾਂ ਚੁਣੀਆਂ ਜਾਂਦੀਆਂ ਹਨ, ਉਹ ਵੀ ਓਥੇ ਵਰਨਣ ਨਹੀਂ ਹੋ ਸਕਦੀਆਂ । ਇਸ ਲਈ ਬੀਤੇ ਸਾਲ ਮੈਂ ਕਿਹਾ ਸੀ ਕਿ ਚਲਦੇ ਸਾਲ ਵਿੱਚ ਵੀ ਜੱਦ ਕਦੇ ਮੌਕਾ ਮਿਲਿਆ ਤਾਂ ਵਰਨਣ ਕਰਦਾ ਰਹਾਂਗਾ । ਪਰ ਕੁਝ ਵਰਨਣ ਹੋਏ ਕੁਝ ਨਹੀਂ ਹੋ ਸਕੇ । ਫ਼ਿਰ ਇਸ ਸਾਲ ਦੀਆਂ ਬਹੁਤ ਸਾਰੀਆਂ ਘਟਨਾਵਾਂ ਇਕਤੱਰ ਹੋ ਗਈਆਂ ਹਨ । ਇਹ ਮੈਂ ਇਸ ਲਈ ਵਰਨਣ ਕਰਦਾ ਹਾਂ ਕਿ ਸਾਡੇ ਈਮਾਨ (ਆਸਥਾ) ਵਿੱਚ ਪੱਕਿਆਈ ਪੈਦਾ ਹੋਵੇ ਅਤੇ ਅਸੀਂ ਵੀ ਆਪਣੀ ਪੜਤਾਲ ਕਰਦੇ ਰਹੀਏ ਕਿ ਅਸੀਂ ਅਹਮਦੀਅਤ ਕੁਬੂਲ ਕਰਨ ਦੇ ਬਾਦ ਕਿੱਥੋਂ ਤੱਕ ਪਹੁੰਚੇ ਹਾਂ । ਇਸੇ ਲਈ ਅੱਜ ਫਿਰ ਮੈਂ ਕੁਝ ਨਵੇਂ ਆਉਣ ਵਾਲਿਆਂ ਦੀਆਂ ਕੁਝ ਗੱਲਾਂ ਵਰਨਣ ਕਰਾਂਗਾ ਕਿ ਕਿਵੇਂ ਰੱਬ ਨੇ ਉਹਨਾਂ ਦਾ ਮਾਰਗ ਦਰਸ਼ਨ ਕੀਤਾ । ਉਹਨਾਂ ਨੂੰ ਕੇਵਲ ਸਾਨੂੰ ਸੁਆਦਲੀਆਂ ਗੱਲਾ ਸਮਝਕੇ ਨਹੀਂ ਸੁਣਨਾ ਚਾਹੀਦਾ ਸਗੋਂ ਇਹ ਇਕ ਅਜਿਹੀ ਵਾਸਤਵਿਕਤਾ ਹੈ ਜੋ ਈਮਾਨ ਵਿੱਚ ਵਾਧੇ ਦਾ ਸਬਬ ਬਣਦੀ ਹੈ ਅਤੇ ਬਣਨੀ ਵੀ ਚਾਹੀਦੀ ਹੈ । ਆਪਣੀਆਂ ਹਾਲਤਾਂ ਦਾ ਜਾਇਜ਼ਾ ਲੈਣ ਵਾਲੀ ਹੋਣੀ ਚਾਹੀਦੀ ਹੈ । ਰੱਬ ਦੇ ਜਮਾਤ ਨਾਲ ਵਰਤਾਉ ਉਪੱਰ ਧੰਨਵਾਦ ਕਰਨ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਨ ਵਾਲੇ ਹੋਣਾ ਚਾਹੀਦਾ ਹੈ । ਆਪਣੀ ਜ਼ਿੰਮੇਦਾਰੀ ਦਾ ਅਹਿਸਾਸ ਅਤੇ ਉਸਨੂੰ ਪੂਰਾ ਕਰਨ ਵੱਲ ਧਿਆਨ ਦੇਣ ਵਾਲਾ ਹੋਣਾ ਚਾਹੀਦਾ ਹੈ । ਅੱਜ ਦੁਨੀਆਂ ਤੱਕ ਸਚੱਾਈ ਦਾ ਸੰਦੇਸ਼ ਪਹੁੰਚਾਉਣਾ ਅਤੇ ਉਹਨਾ ਦਾ ਮਾਰਗ ਦਰਸ਼ਨ ਕਰਨਾ ਸਾਡਾ ਕੰਮ ਹੈ । ਇਹ ਸਾਡਾ ਫ਼ਰਜ਼ ਹੈ । ਇਸ ਲਈ ਇਸ ਕੰਮ ਨੂੰ ਪੂਰਾ ਕਰਨ ਲਈ ਜਿੱਥੇ ਸਾਨੂੰ ਜਤਨ ਕਰਨ ਦੀ ਲੋੜ ਹੈ ਓਥੇ ਆਪਣੀਆਂ ਹਾਲਤਾਂ ਨੂੰ ਰੱਬ ਦੇ ਦੱਸੇ ਹੋਏ ਤਰੀਕੇ ਅਨੁਸਾਰ ਢਾਲਣ ਦੀ ਵੀ ਲੋੜ ਹੈ ਤਾਂ ਜੋ ਸਾਡੇ ਅਮਲੀ ਨਮੂਨੇ ਭਵਿੱਖ ਵਿੱਚ ਨਵੇਂ ਆਉਣ ਵਾਲਿਆਂ ਦੇ ਈਮਾਨ ਵਿੱਚ ਵਾਧਾ ਤੇ ਪੱਕਿਆਈ ਕਰਦੇ ਜਾਣ ।

ਰੱਬ ਦੀ ਸਹਾਇਤਾ ਅਤੇ ਰੱਬ ਕਿਵੇਂ ਮਾਰਗ ਦਰਸ਼ਨ ਕਰਦਾ ਹੈ ਜਿਵੇਂ ਕਿ ਮੈਂ ਕਿਹਾ ਉਸ ਦੀਆਂ ਕੁਝ ਉਧਾਰਣਾ ਪੇਸ਼ ਕਰਾਂਗਾ :-

ਤਿਊਂਸ ਤੋਂ ਇਕ ਸਾਹਿਬਾ ਮੀਨਾ ਸਾਹਿਬਾ ਲਿਖੱਦੀ ਹਨ ਕਿ ਮੈਨੂੰ ਅਧਿਐਨ ਦਾ ਬਹੁਤ ਸ਼ੌਕ ਹੈ ਮੈਂ ਕੁਰਆਨ ਕਰੀਮ ਅਤੇ ਕਈ ਦੂਜੀਆਂ ਇਨਲਾਮੀ ਕਿਤਾਬਾ ਦਾ ਵੀ ਅਧਿਐਨ ਕੀਤਾ ਹੈ ਪਰ ਕਈ ਗੱਲਾਂ ਦੀ ਸਮਝ ਨਹੀਂ ਆਉਂਦੀ ਸੀ । ਉਧਾਰਣ ਲਈ ਸੂਰਤ ਨਿਸਾ ਦੀ ਆਇਤ 'ਵਮਾ ਕਾਤਾਲੂਹੁ ਵਮਾ ਸਲਾਬੂਹੁ ਵਲਾਕਿਨ ਸ਼ੁੱਬਿਹਾ ਲਹੁਮ' ਇਸੇ ਪ੍ਰਕਾਰ ਮਸੀਹ ਅਲੈਹਿ ਸਲਾਮ ਦੀ ਮੌਤ ਬਾਰੇ ਦੂਜੀਆਂ ਆਇਤਾਂ ਮੇਰੇ ਧਿਆਨ ਦਾ ਕੇਂਦਰ ਬਣੀਆਂ ਰਹਿੰਦੀਆਂ ਕਿ ਕੀ ਮਸੀਹ ਅਲੈਹਿ ਸਲਾਮ ਫ਼ੌਤ ਹੋ ਗਏ ਹਨ ਜਾਂ ਜੀਉਂਦੇ ਆਕਾਸ਼ 'ਤੇ ਹਨ ? ਫ਼ਿਰ ਰਿਯਾਜ਼ੁਸੱਾਲਿਹੀਨ ਵਿੱਚ ਦਜੱਾਲ ਦੀਆਂ ਵਿਸੇਸ਼ਤਾਵਾਂ ਪੜ੍ਹੀਆਂ ਅਤੇ ਵਿਚਾਰ ਆਇਆ ਕਿ ਖ਼ੈਰਖ਼ਵਾਹੀ ਵਾਲੀ ਅਜਿਹੀ ਉਮੱਤ ਵਿੱਚ ਰੱਬ ਕਿਵੇਂ ਅਜਿਹਾ ਮਨੁੱਖ ਭੇਜ ਸਕਦਾ ਹੈ । ਵਿਚਾਰ ਆਉਂਦਾ ਸੀ ਕਿ ਈਸਾ ਅਲੈਹਿ ਸਲਾਮ ਆਕਾਸ਼ ਉਪੱਰ ਬੈਠੇ ਕੀ ਕਰ ਰਹੇ ਹਨ ? ਇਹਨਾਂ ਵਿਚਾਰਾਂ ਤੋਂ ਪ੍ਰੇਸ਼ਾਨ ਹੋ ਜਾਂਦੀ ਸੀ ਅਤੇ ਰੱਬ ਤੋਂ ਸੁਮਾਰਗ ਲਈ ਦੁਆ ਕਰਦੀ ਸੀ । ਇਕ ਦਿਨ ਚੈਨਲ ਬਦਲਦਿਆਂ ਅਚਨਚੇਤ ਐਮ.ਟੀ.ਏ ਮਿਲ ਗਿਆ ਜੋ ਹੋਰਨਾ ਚੈਨਲਾਂ ਤੋਂ ਭਿੰਨ ਸੀ ਉਸ'ਤੇ ਇਕ ਪਾਦਰੀ ਸਾਹਿਬ ਨਾਲ ਵਫ਼ਾਤੇ ਮਸੀਹ ਉਪੱਰ ਬਹਿਸ ਚਲ ਰਹੀ ਸੀ । ਹੋਰਨਾ ਚੈਨਲਾਂ ਦੇ ਉਕੱਾ ਵਿਪਰੀਤ ਮੇਜ਼ਬਾਨ ਤੇ ਭਾਗ ਲੈਣ ਵਾਲਿਆਂ ਦੀ ਬੋਲੀ ਬਹੁਤ ਵਕਾਰ ਵਾਲੀ ਸੀ । ਇਸ ਚਰਚਾ ਵਿਚਕਾਰ ਮਲੂਮ ਹੋਇਆ ਕਿ ਮਸੀਹ ਮਊਦ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਅਲੈਹਿ ਸਲਾਮ ਪ੍ਰਗਟ ਹੋ ਚੁਕੇ ਹਨ । ਫਿਰ ਨਿਰੰਤਰ ਐਮ.ਟੀ.ਏ ਦੇਖਦੀ ਰਹੀ ਅਤੇ ਸਾਰੇ ਮਸਲੇ ਹਲ ਹੁੰਦੇ ਗਏ । ਫਿਰ ਮੈਂ ਦੁਆ ਕੀਤੀ ਕਿ ਮੈਨੂੰ ਮੌਤ ਨ ਆਵੇ ਜੱਦ ਤੱਕ ਮੈਂ ਅਹਮਦੀ ਨ ਹੋ ਜਾਵਾਂ । ਅੰਤ ਮੈਂ ਬੈਅਤ ਕਰਕੇ ਜਮਾਤ ਵਿੱਚ ਦਾਖ਼ਲ ਹੋ ਗਈ । ਇਹ ਮੇਰੇ ਉਪੱਰ ਰੱਬ ਦਾ ਬਹੁਤ ਵੱਡਾ ਉਪੱਕਾਰ ਹੈ ।

ਫਿਰ ਯਮਨ ਤੋਂ ਰਮਦਾਨ ਸਾਹਿਬ ਆਪਣੀ ਬੈਅਤ ਦੀ ਘਟਨਾ ਲਿਖੱਦੇ ਹਨ ਕਿ ਮੈਨੂੰ ਚੀਨੀ ਸਮਾਜ ਵਿੱਚ ਰਹਿਣ ਦਾ ਅਵਸਰ ਮਿਲਿਆ, ਚੀਨ ਜਾਕੇ ਉਹਨਾਂ ਨੂੰ ਬਹੁਤ ਚੰਗੇ ਲੋਕ ਜਾਣਿਆ । ਇਹ ਵੀ ਦੇਖਿਆ ਕਿ ਕਈ ਅਰਬ ਲੋਕ ਉਹਨਾਂ ਦੇ ਹੁਸਨ

ਦਾ ਨਜਾਇਜ਼ ਲਾਭ ਉਠਾਉਂਦੇ ਅਤੇ ਉਹਨਾਂ ਨੂੰ ਬੁਰਾ-ਭਲਾ ਵੀ ਕਹਿੰਦੇ । ਮੈਨੂੰ ਵਿਚਾਰ ਆਉਂਦਾ ਕਿ ਇਹ ਕਿਵੇਂ ਸੰਭਵ ਹੈ ਕਿ ਇਹ ਲੋਕ ਆਪਣੇ ਸਾਰੇ ਗੁਣਾ ਤੇ ਆਚਰਣਾ ਦੇ ਹੁੰਦਿਆਂ ਹੋਇਆ ਨਰਕ ਵਿੱਚ ਜਾਣਗੇ ਅਤੇ ਅਸੀਂ ਕੇਵਲ ਮੁਸਲਮਾਨ ਹੋਣ ਕਰਕੇ ਸਵਰਗਾ ਦੇ ਵਾਰਸ ਬਣੇ ? ਕਹਿੰਦੇ ਹਨ ਕਿ ਇਸ ਵਿਚਾਰ ਮਗਰੋਂ ਮੈਂ ਖੋਜ ਕੀਤੀ ਅਤੇ ਇਸਲਾਮੀ ਕਿਤਾਬਾਂ ਪੜ੍ਹਨੀਆਂ ਸ਼ੁਰੂ ਕੀਤੀਆਂ । ਖੋਜ ਜਾਰੀ ਰਹੀ ਵੱਖ ਵੱਖ ਕਿਤਾਬਾਂ ਤੇ ਚੈਨਲਜ਼ ਦੇਖੇ, ਇਸੇ ਵਿਚਕਾਰ ਇਕ ਦਿਨ ਅਚਾਨਕ ਐਮ.ਟੀ.ਏ. ਦੇਖਣ ਦਾ ਮੌਕਾ ਮਿਲ ਗਿਆ । ਇਸ ਵਿੱਚ ਵਰਨਣ ਹੋਣ ਵਾਲੀਆਂ ਦਲੀਲਾਂ ਐਨ੍ਹੀਆਂ ਠੋਸ ਸਨ ਕਿ ਉਹਨਾਂ ਦੀ ਸ਼ਕਤੀ ਤੇ ਖ਼ੌਫ਼ ਨਾਲ ਮੇਰਾ ਸ਼ਰੀਰ ਕੰਬ ਉੱਠਿਆ, ਇਉਂ ਲੱਗਿਆ ਜਿਵੇਂ ਸ਼ਰੀਰ ਨੂੰ ਕੋਈ ਬਿਜਲੀ ਦਾ ਕਰੰਟ ਲੱਗਾ ਹੋਵੇ । ਫਿਰ ਨਿਰੰਤਰ ਐ.ਟੀ.ਏ. ਦੇਖਣ ਲੱਗਾ । ਉਸ ਨੂੰ ਦੇਖਦਿਆਂ ਦੇਖਦਿਆਂ ਆਪ ਮੁਹਾਰੇ ਹੀ ਰੋਣ ਲੱਗਦਾ ਪਰ ਮੈਨੂੰ ਪਤਾ ਨਹੀਂ ਸੀ ਕਿਉਂ ਰੋਂਦਾ ਹਾਂ । ਇਹ ਅਨੁਭਵ ਬਹੁਤ ਗ਼ਾਲਬ ਸੀ ਕਿ ਰੱਬ ਨੇ ਮੈਨੂੰ ਆਪ ਇਸ ਚੈਨਲ ਵੱਲ ਮਾਰਗ ਦਰਸ਼ਨ ਕੀਤਾ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਵਾਸਤਵਿਕਤਾ ਜਾਨਣ ਲਈ ਰੱਬ ਤੋਂ ਬਹੁਤ ਅਧਿਕ ਦੁਆਵਾਂ ਕਰਨ ਲੱਗਾ । ਹਰ ਵਾਰ ਮੈਨੂੰ ਇਸ ਦਾ ਉੱਤਰ ਸ਼ਰੀਰ ਵਿੱਚ ਕਪਕਪੀ ਅਤੇ ਮਾਨਸਕ ਸ਼ਾਂਤੀ ਦੀ ਅਵਸਥਾ ਵਿੱਚ ਪ੍ਰਾਪਤ ਹੁੰਦਾ । ਇਸ ਤੋਂ ਤਸੱਲੀ ਹੋ ਜਾਂਦੀ ਕਿ ਮਸੀਹ ਮਊਦ ਅਲੈਹਿਸਲਾਮ ਸੱਚੇ ਹਨ । ਇਸ ਦੇ ਬਾਦ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਦਾ ਅਧਿਐਨ ਕੀਤਾ, ਜਿੰਨ੍ਹਾ ਵਿੱਚੋਂ ਅਧਿਕਤਰ ਮੇਰੇ ਪ੍ਰਸ਼ਨਾ ਦੇ ਉਤੱਰ ਸੀ । ਕਹਿੰਦੇ ਹਨ ਇਸ ਤੋਂ ਬਾਦ ਮੈਂ ਬੈਅਤ ਕਰਕੇ ਜਮਾਤ ਦਾ ਹਿਸੱਾ ਬਣ ਗਿਆ ।

ਫਿਰ ਸਲਾਮਤ ਸਾਹਬ ਜੋ ਕਰਗ਼ਿਸਤਾਨ ਤੋਂ ਹਨ ਕਹਿੰਦੇ ਹਨ (ਜਮਾਤ ਦੇ ਸਦਰ ਹਨ) ਜਿੱਥੇ ਮੈਂ ਕੰਮ ਕਰਦਾ ਹਾਂ ਓਥੇ ਮੇਰੀ ਇਕ ਕੁਲੀਗ ਰਸ਼ੀਨ ਖ਼ਾਤੂਨ ਸਾਹਿਬਾ ਜੋ ਈਸਾਈ ਸਨ । ਉਹਨਾਂ ਨਾਲ ਧਰਮ ਬਾਰੇ ਵਾਰਤਾਲਾਪ ਹੋਈ । ਕਹਿੰਦੇ ਹਨ ਕਿ ਵਾਰਤਾਲਾਪ ਵਿਚਕਾਰ ਉਹਨਾਂ ਨੇ ਮੈਨੂੰ ਕਿਹਾ ਮੈਨੂੰ ਆਪਣੇ ਧਰਮ ਉਪੱਰ ਮਨ ਨਾਲ ਵਿਸ਼ਵਾਸ ਨਹੀਂ ਹੈ । ਉਹਨਾਂ ਨੂੰ ਇਸਲਾਮ ਅਹਮਦੀਅਤ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਕਿਤਾਬ ਇਸਲਾਮੀ ਉਸੂਲ ਦੀ ਫ਼ਿਲਾਸਫ਼ੀ ਦਿੱਤੀ ਗਈ, ਤਾਂ ਕਹਿਣ ਲੱਗੀ ਕਿ ਧਰਮ ਬਾਰੇ ਮੇਰੇ ਜਿੰਨ੍ਹੇ ਵੀ ਪ੍ਰਸ਼ਨ ਸਨ ਉਹਨਾਂ ਸਾਰਿਆਂ ਦੇ ਉਤੱਰ ਮਿਲ ਗਏ ਅਤੇ ਮੈਨੂੰ ਤੱਸਲੀ ਹੋ ਗਈ ਹੈ ਕਿ ਇਸਲਾਮ ਵਾਸਤਵ ਵਿੱਚ ਸਚੱਾ ਧਰਮ ਹੈ । ਇਸ ਦੇ ਬਾਦ ਉਹਨਾਂ ਨੇ ਜਮਾਤ ਦੀਆਂ ਕਿਤਾਬਾਂ ਦਾ ਵਧੇਰੇ ਅਧਿਐਨ ਕੀਤਾ ਅਤੇ ਇਸਲਾਮ ਦੀ ਸਚੱਾਈ ਉਹਨਾਂ ਦੀ ਆਸਥਾ ਪੱਕੀ ਹੁੰਦੀ ਗਈ ਇੱਥੋਂ ਤੱਕ ਕਿ ਇਹ ਕਾਦੀਆਂ ਵੀ ਗਈ ਅਤੇ ਬੈਅਤ ਕਰ ਲਈ ਅਤੇ ਹੁਣ ਨਿਜ਼ਾਮੇ ਵਸੀਯੱਤ ਵਿੱਚ ਵੀ ਸ਼ਾਮਲ ਹਨ ।

ਜੇਕਰ ਕਈਆਂ ਨੂੰ ਕਿਸੇ ਪ੍ਰਕਾਰ ਤਸੱਲੀ ਨਹੀਂ ਹੁੰਦੀ, ਪਰ ਸਚੱਾਈ ਨੂੰ ਜਾਨਣ ਦੇ ਇਛੁੱਕ ਹਨ ਤਾਂ ਰੱਬ ਦੇ ਦਰ'ਤੇ ਸਾਫ਼ ਮਨ ਨਾਲ ਕੁਰਲਾਉਂਣ ਕਿ ਇਹ ਗੱਲ ਜੋ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਕਹੀ ਹੈ ਕਿ ਦੁਆ ਕਰੋ ਕਿ ਰੱਬ ਸੁਮਾਰਗ ਬਖਸ਼ੇ, ਰੱਬ ਤੋਂ ਸੁਮਾਰਗ ਮੰਗੋ । ਜੇਕਰ ਨੀਯਤ ਨੇਕ ਹੈ ਤਾਂ ਅਲੱਾਹ ਰਹਿਨੁਮਾਈ ਕਰਦਾ ਹੈ ਅਤੇ ਫਿਰ ਕਿਸੇ ਨੇ ਕਿਸੇ ਰਾਹੀਂ ਜਾਂ ਸੁਪਨਿਆਂ ਰਾਹੀਂ ਰਹਿਨੁਮਾਈ ਹੁੰਦੀ ਹੈ ਅਤੇ ਅਹਮਦੀਅਤ ਦੀ ਸਚੱਾਈ ਪ੍ਰਗਟ ਹੋ ਜਾਂਦੀ ਹੈ । ਕੁਝ ਸੁਪਨਿਆਂ ਦੀਆਂ ਘਟਨਾਵਾਂ ਹਨ :

ਜਰਮਨੀ ਤੋਂ ਇਬਾਰਹੀਮ ਕਾਰੂਨ ਸਾਹਬ ਲਿੱਖਦੇ ਹਨ ਕਿ ਜਮਾਤ ਨਾਲ ਜਾਣਕਾਰੀ ਹੋਣ ਮਗਰੋਂ ਮੈਂ ਐ.ਟੀ.ਏ. ਦੇਖਣ ਲੱਗਾ । ਇਸ ਦੇ ਬਾਦ ਮੈਂ ਹਜ਼ਰਤ ਮਸੀਹ ਮਊਦ ਅਲੈਹਿ ਹਿਸਲਾਮ ਬਾਰੇ ਦੁਆ ਕੀਤੀ ਅਤੇ ਇਸਤਿਖਾਰਾ ਕੀਤਾ । ਇਕ ਦਿਨ ਨਮਾਜ਼ ਇਸਤਿਖ਼ਾਰਾ ਦੇ ਬਾਦ ਮੈਂ ਸੁਪਨੇ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਦੇਖਿਆ ਕਿ ਉਹ ਆਪਣੇ ਮਹਿਲ'ਚੋਂ ਆ ਰਹੇ ਹਨ । ਉਸ ਮਹਿਲ ਦੀਆਂ ਕੰਧਾਂ ਵਿੱਚੋਂ ਨੂਰ ਦੀਆਂ ਕਿਰਣਾ ਫ਼ੁੱਟ ਰਹੀਆਂ ਸਨ । ਮੈਂ ਅਹਿਰਾਮ ਬੰਨ੍ਹੇ ਆਪ ਦੇ ਮਹਿਲ ਦੀ ਦਹਿਲੀਜ਼ ਕੋਲ ਖੜ੍ਹਾ ਸੀ । ਮੈਂ ਝੁੱਕ ਕੇ ਆਪਣੀਆਂ ਬਾਹਵਾਂ ਗੋਡੇ ਉਪੱਰ ਰੱਖੀਆਂ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਆਪਣੇ ਹੱਥ ਖੋਲ ਕੇ ਮੇਰੇ ਸਿਰ ਉਪੱਰ ਰੱਖੇ ਤਾਂ ਮੈਂ ਬਿਨਤੀ ਕੀਤੀ ਕਿ ਸਮਾ ਵ ਤਆਤਾ । ਇਸ ਦੇ ਬੇਦ ਮੇਰੀ ਅੱਖ ਖੁੱਲ ਗਈ । ਕਹਿੰਦੇ ਹਨ ਕਿ ਇਸ ਦੇ ਬਾਦ ਮੇਰੀ ਤਸੱਲੀ ਹੋ ਗਈ ।

ਅਜਿਹੀਆਂ ਗੱਲਾਂ ਸੁਣਕੇ ਅਸੀਂ ਜੋ ਪੁਰਾਣੇ ਅਤੇ ਪੈਦਾਇਸ਼ੀ ਅਹਮਦੀ ਹਾਂ ਸਾਡੀ ਵੀ ਜ਼ਿੰਮੇਦਾਰੀ ਵੱਧ ਜਾਂਦੀ ਹੈ ਕਿ ਆਪਣੀ ਅਵਸਥਾ ਵੱਲ ਨਜ਼ਰ ਰੱਖਣ, ਅਲੱਾਹ ਤਆਲਾ ਨਾਲ ਸੰਬੰਧ ਬਨਾਉਂਣ । ਆਪਣੀਆਂ ਅਮਲੀ ਹਾਲਤਾਂ ਨੂੰ ਠੀਕ ਕਰਨ ਜਿਵੇਂ ਕਿ ਮੈਂ ਕਿਹਾ, ਸਦਾ ਚੇਤੇ ਰੱਖਣਾ ਚਾਹੀਦਾ ਹੈ ਕਿ ਸਾਡੀਆਂ ਸੁਸਤੀਆਂ ਕਿਤੇ ਸਾਨੂੰ ਵਾਝਿਆਂ ਤਾਂ ਨਹੀਂ ਕਰਦੀਆਂ ਜਾਂਦੀਆਂ । ਅਲੱਾਹ

ਤਆਲਾ ਦੀ ਤਕਦੀਰ ਹੈ ਕਿ ਅਹਮਦੀਅਤ ਦੇ ਕਾਫ਼ਲੇ ਨੇ ਇੰਸ਼ਾਅਲੱਾਹ ਅਗਾਂਹ ਵਧੱਦੇ ਜਾਣਾ ਹੈ । ਇਹ ਤਾਂ ਅੱਗੇ ਵੱਧਦਾ ਜਾਵੇਗਾ । ਇਸ ਲਈ ਬਹੁਤ ਧਿਆਨ ਦੇਣ ਦੀ ਲੋੜ ਹੈ ਕਿ ਅਸੀਂ ਵੀ ਇਸ ਕਾਫ਼ਲੇ ਦਾ ਹਿਸੱਾ ਬਣੇ ਰਹੀਏ ।

ਹਜ਼ਰਤ ਮਸੀਹ ਮਊਦ ਅਲੈਹਿਸਲਾਮ ਫ਼ਰਮਾਉਦੇ ਹਨ ਕਿ :

ਉਹ ਸਮਾਂ ਕਿ ਇਕ ਦੋ ਵਿਅਕਤੀ ਸਾਡੇ ਨਾਲ ਹੁੰਦੇ ਸਨ ਅਤੇ ਹੋਰ ਕਈ ਨਹੀਂ ਸੀ, ਅਤੇ ਹੁਣ ਦੇਖਦੇ ਹਾਂ ਕਿ ਦਲਾਂ ਦੇ ਦਲ ਆ ਰਹੇ ਹਨ । ''ਯਾਤੂਨਾ ਮਿਨ ਕੁੱਲਿ ਫ਼ੱਜਿਨ ਅਮੀਕ'' ਅਤੇ ਫ਼ਿਰ ਐਨ੍ਹੀ ਹੀ ਗੱਲ ਨਹੀਂ ਸਗੋਂ ਇਸ ਦੇ ਉਪੱਰ ਇਕ ਹੋਰ ਵਾਧਾ ਹੋਇਆ ਹੋਇਆ ਹੈ ਕਿ ਵੈਰੀਆਂ ਨੇ ਨਹੁੰਆਂ ਤੱਕ ਜ਼ੋਰ ਲਾ ਲਿਆ ਕਿ ਲੋਕ ਆਉਣ ਤੋਂ ਰੁੱਕ ਜਾਣ ਪਰ ਅੰਤ ਨੂੰ ਉਹ ਗੱਲ ਪੂਰੀ ਹੋਕੇ ਰਹੀ । ਹੁਣ ਜੋ ਨਵਾਂ ਮਨੁੱਖ ਸਾਡੇ ਕੋਲ ਆਉਂਦਾ ਹੈ ਉਹ ਇਸ ਇਲਹਾਮ ਦਾ ਨਿਸ਼ਾਨ ਹੁੰਦਾ ਹੈ । ਫਿਰ ਫ਼ਰਮਾਇਆ ਕਿ : ਅਲੱਾਹ ਤਆਲਾ ਨਹੀਂ ਚਾਹੁੰਦਾ ਕਿ ਸਾਡੀ ਜਮਾਤ ਦਾ ਈਮਾਨ ਮਾੜਾ ਰਹੇ । ਅਲੱਾਹ ਤਆਲਾ ਜਮਾਤ ਦੇ ਈਮਾਨ ਨੂੰ ਵਧਾਉਂਣ ਲਈ ਚਮਤਕਾਰ ਪ੍ਰਕਟ ਕਰ ਰਿਹਾ ਹੈ । (ਅਲੱਾਹ ਤਆਲਾ ਦੀ ਅਪਾਰ ਕ੍ਰਿਪਾ ਨਾਲ ਉਹਨਾਂ ਦੀ ਜਮਾਤ ਅੱਜ ਤੱਕ ਜਾਰੀ ਹੈ ਪਰ ਕੁਝ ਅਜਿਹੇ ਬਦਕਿਸਮਤ ਹਨ ਜੋ ਚਮਤਕਾਰ ਦੇਖਕੇ ਵੀ ਸਿੱਖਿਆ ਨਹੀਂ ਲੈਂਦੇ, ਨ ਹੀ ਸਜੱਾਈ ਨੂੰ ਪਛਾਨਣ ਦਾ ਜਤਨ ਕਰਦੇ ਹਨ ਸਗੋਂ ਵਿਰੋਧਤਾ ਵਿੱਚ ਵੱਧ ਰਹੇ ਹਨ, ਅਜਿਹੇ ਲੋਕ ਇਕ ਦਿਨ ਆਪਣੇ ਅੰਜਾਮ ਨੂੰ ਦੇਖਣਗੇ)

ਹਜ਼ਰਤ ਮਸੀਹ ਮਊਦ ਅਲੈਹਿਸਲਾਮ ਫ਼ਰਾਮਾਉਂਦੇ ਹਨ ਕਿ :

ਰੱਬ ਨੇ ਮੈਂਨੂੰ ਨਿਰਧਾਰਤ ਕੀਤਾ ਹੈ, ਰੱਬ ਨੇ ਮੈਂਨੂੰ ਭੇਜਿਆ ਹੈ । ਉਹ ਦੇਖਦੇ (ਅਰਥਾਤ ਵਿਰੋਧੀ ਦੇਖਦੇ) ਕਿ ਕੀ ਜਿਸ ਮਨੁੱਖ ਨੇ ਆਪਣਾ ਆਉਣਾ ਰੱਬ ਦੇ ਹੁਕਮ ਤੋਂ ਦੱਸਿਆ ਹੈ, ਉਹ ਰੱਬ ਦੀ ਸਹਾਇਤਾ ਤੇ ਉਸਦਾ ਪੱਖ ਵੀ ਆਪਣੇ ਨਾਲ ਰੱਖਦਾ ਹੈ ਜਾਂ ਨਹੀਂ । ਪਰ ਉਹਨਾ ਨੇ ਨਿਸ਼ਾਨ ਤੇ ਚਮਤਕਾਰ ਦੇਖੇ ਪਰ ਕਿਹਾ ਝੂਠੇ ਹਨ । ਉਹਨਾਂ ਨੇ ਰੱਬੀ ਸਹਾਇਤਾ, ਮਦਦ ਤੇ ਉਸਦਾ ਪੱਖ ਵੀ ਦੇਖਿਆ ਪਰ ਆਖ ਦਿੱਤਾ ਕਿ ਇਹ ਜਾਦੂ ਹੈ । ਮੈਂ ਉਹਨਾਂ ਲੋਕਾਂ ਤੋਂ ਕੀ ਆਸ ਰੱਖਾਂ ਜੋ ਰੱਬ ਦੇ ਕਲਾਮ ਦੀ ਬੇ ਹੁਰਮਤੀ ਕਰਦੇ ਹਨ । ਰੱਬ ਦੇ ਕਲਾਮ ਦੇ ਸਨਮਾਨ ਦਾ ਤਕਾਦਾ ਤਾਂ ਇਹ ਸੀ ਕਿ ਉਸ ਨੂੰ ਸੁਣਦਿਆਂ ਹੀ ਹੱਥਿਆਰ ਸੁੱਟ ਦਿੰਦੇ ਪਰ ਇਹ ਹੋਰ ਵੀ ਸ਼ਰਾਰਤਾਂ ਵਿੱਚ ਵੱਧ ਗਏ । ਹੁਣ ਇਹ ਆਪ ਦੇਖ ਲੈਣਗੇ ਕਿ ਇਸ ਦਾ ਸਿੱਟਾ ਕਿਸ ਦੇ ਹੱਥ ਹੈ ।

ਅਲੱਾਹ ਤਆਲਾ ਉਹਨਾਂ ਵਿਰੋਧੀਆਂ ਨੂੰ ਵੀ ਉਹਨਾਂ ਦੇ ਸਿੱਟੇ ਛੇਤੀ ਦਿਖਾਏ । ਅਹਮਦੀਅਤ ਦਾ ਕਾਫ਼ਲਾ ਤਾਂ ਅੱਗੇ ਵੱਧਦਾ ਹੀ ਜਾਵੇਗਾ ਅਤੇ ਇਸ ਨੂੰ ਹੋਰ ਤੀਬਰਤਾ ਨਾਲ ਅੱਗੇ ਵਧਾਉਂਦਾ ਜਾਵੇ ਅਤੇ ਅਸੀਂ ਵੀਂ ਸਦਾ ਇਸ ਦਾ ਹਿੱਸਾ ਬਣੇ ਰਹੀਏ ।

ਅੰਤ ਵਿੱਚ ਹਜ਼ੂਰ ਨੇ ਕੁਝ ਮਰਹੂਮੀਨ (ਫ਼ੌਤ ਹੋਣ ਵਾਲਿਆਂ) ਦਾ ਵਰਨਣ ਕੀਤਾ ਅਤੇ ਜੁੱਮੇ ਦੀ ਨਮਾਜ਼ ਦੇ ਬਾਦ ਉਹਨਾਂ ਦੀ ਨਮਾਜ਼ ਜਨਾਜ਼ਾਹ ਪੜ੍ਹਾਈ ।


**Friaday sermon by :**

**Hadhrat Khalifatul Masih khamis (atba)**
At Masjid Baitul Futuh, LONDON 12.09.2014

Summarized by :
Nazarat Nashro Ishaat Qadian
Translated by :
Shamshad Ahmad Eden for Punjabi Desk
Published By :
Nazarat Nashro Ishaat, Qadian-143516